2:1-4

# ''ਇਕੱਠੇ ਰਹਾਂ ਤਾਂ ਟਿਕੇ ਰਹਾਂ!''

ਕਿਸੇ ਦੇਸ਼ ਦੇ ਸ਼ਹਿਰੀਆਂ ਵਿਚ ਜਦੋਂ ਫੁੱਟ ਹੁੰਦੀ ਹੈ ਤਾਂ ਉਹ ਅਸਾਨੀ ਨਾਲ ਲੋਕਾਂ ਦਾ ਸ਼ਿਕਾਰ ਬਣ ਜਾਂਦੇ ਹਨ। ਜਦੋਂ ਸੁਰਗ ਦੇ ਰਾਜ ਦੇ ਲੋਕਾਂ ਵਿਚ ਫੁੱਟ ਹੁੰਦੀ ਹੈ ਤਾਂ ਉਹ ਸਿਰਫ਼ ਆਪਣੇ ਰਾਜੇ ਲਈ ਹੀ ਪਰੇਸ਼ਾਨੀ ਦਾ ਕਾਰਣ ਨਹੀਂ ਬਣਦੇ (ਵੇਖੋ 1 ਕੁਰਿੰਥੀਆਂ 1:10–13; ਗਲਾਤੀਆਂ 5:19–21) ਬਲਕਿ ਆਪਣੇ ਵਿਰੋਧੀ ਲਈ ਵੀ ਜਿਹੜਾ ''ਬੁੱਕਦੇ ਸ਼ੀਂਹ ਵਾਂਗੂੰ ਭਾਲਦਾ ਫਿਰਦਾ ਹੈ ਭਈ ਕਿਹਨੂੰ ਪਾੜ ਖਾਵਾਂ'' (1 ਪਤਰਸ 5:8) ਦਾ ਅਸਾਨ ਸ਼ਿਕਾਰ ਬਣ ਜਾਂਦੇ ਹਨ।

ਪੌਲੁਸ ਇਸ ਵਿਚ ਆਪਣੀ ਚਰਚਾ ਨੂੰ ਅੱਗੇ ਵਧਾ ਰਿਹਾ ਸੀ ਕਿ ਫ਼ਿਲਿੱਪੀਆਂ ਦੀ ਜਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ। ''ਸੋ'' ਸ਼ਬਦ ਅਧਿਆਇ 1 ਦੇ ਆਖ਼ਰੀ ਹਿੱਸੇ ਨੂੰ ਅਧਿਆਇ 2 ਨਾਲ ਜੋੜ ਦਿੰਦਾ ਹੈ। ਪਹਿਲੀਆਂ ਚਾਰ ਆਇਤਾਂ ਵਿਚ ਜ਼ੋਰ ਏਕਤਾ ਉੱਤੇ ਹੈ।

1:27–30 ਵਿਚ ਪੌਲੁਸ ਨੇ ਆਪਣੇ ਪਾਠਕਾਂ ਨੂੰ ਦ੍ਰਿੜ ਹੋਣ ਅਤੇ ਆਪਣੇ ਵਿਰੋਧੀਆਂ ਤੋਂ ਨਾ ਡਰਨ ਲਈ ਸਮਝਾਇਆ। ਹੁਣ ਅਧਿਆਇ 2 ਦੀਆਂ ਸ਼ੁਰੂਆਤੀ ਆਇਤਾਂ ਵਿਚ ਉਸ ਨੇ ਜ਼ੋਰ ਦਿੱਤਾ ਕਿ ਅਡੋਲ ਅਤੇ ਬੇਖੌਫ਼ ਰਹਿਣ ਦਾ ਮੁੱਖ ਕਾਰਕ ਸਾਥੀ ਮਸੀਹੀ ਲੋਕਾਂ ਤੋਂ ਮਿਲੀ ਸਥਿਰਤਾ ਅਤੇ ਸ਼ਕਤੀ ਹੈ। ਉਹ ਬਣਨ ਲਈ ਜੋ ਉਨ੍ਹਾਂ ਨੂੰ ਬਣਨਾ ਚਾਹੀਦਾ ਹੈ, ਉਨ੍ਹਾਂ ਲਈ ਇਕ ਹੋਣਾ ਜ਼ਰੂਰੀ ਸੀ।

## ਆਤਮਾ ਵਿਚ ਇਕ (2:1, 2)

**[1]ਸੋ ਜੇ ਮਸੀਹ ਵਿਚ ਕੁਝ ਦਿਲਾਸਾ, ਜੇ ਪ੍ਰੇਮ ਦੀ ਕੁਝ ਤਸੱਲੀ, ਜੇ ਆਤਮਾ ਦੀ ਕੁਝ ਸਾਂਝ, ਜੇ ਕੁਝ ਦਿਆਲਗੀ ਅਤੇ ਦਰਦਮੰਦੀ ਹੈ। [2]ਤਾਂ ਮੇਰੇ ਅਨੰਦ ਨੂੰ ਪੂਰਾ ਕਰੋ ਭਈ ਤੁਸੀਂ ਇਕ ਮਨ ਹੋਵੋ, ਇੱਕੋ ਜਿਹਾ ਪ੍ਰੇਮ ਰੱਖੋ, ਇਕ ਚਿੱਤ, ਇਕ ਮੱਤ ਹੋਵੋ।**

**ਆਇਤ 1.** ਅਧਿਆਇ ਦੀ ਸ਼ੁਰੂਆਤ ਚਰਚਾ ਅਧੀਨ ਵਿਸ਼ੇ ਦੀ ਅਹਿਮੀਅਤ ਤੇ ਜ਼ੋਰ ਦੇਣ ਲਈ ਬਣਾਈ ਗਈ ਸਾਹਿਤਕ ਤਰੀਕੇ ਨਾਲ ਹੁੰਦੀ ਹੈ। **ਜੇ** ਸ਼ਬਦ ਆਮ ਤੌਰ ਤੇ ਕਿਸੇ ਸ਼ਰਤ ਦੀ ਪਛਾਣ ਕਰਾਉਂਦਾ ਹੈ ਅਤੇ ਇਸ ਦਾ ਅਰਥ ਹੁੰਦਾ ਹੈ ਕਿ ਹੋਣ ਵਾਲੀ ਗੱਲ ਹੋ ਵੀ ਸਕਦੀ ਹੈ ਅਤੇ ਨਹੀਂ ਵੀ। ਪੌਲੁਸ ਨੇ ਇਸ ਆਇਤ ਵਿਚ ਇਸ ਸ਼ਬਦ ਦੀ ਵਰਤੋਂ ਇਸ ਤਰੀਕੇ ਨਾਲ ਨਹੀਂ ਕੀਤੀ ਬਲਕਿ ਉਸ ਨੇ ਕੁਝ ਖ਼ਾਸ ਸਚਿਆਈਆਂ ਉੱਤੇ ਜ਼ੋਰ ਦੇਣ ਲਈ ਖ਼ੁਦਾ ਦੀ ਪ੍ਰੇਰਣਾ (ਇਲਹਾਮ) ਨਾਲ ਦਿੱਤੇ ਅਲੰਕਾਰਕ ਦੇ ਇਜ਼ਹਾਰ ਵਜੋਂ ਕੀਤੀ। ਜੇ ਅਸੀਂ ''ਜੇ'' ਸ਼ਬਦ ਨੂੰ ''ਕਿਉਂ ਜੋ'' ਸ਼ਬਦ ਨਾਲ ਬਦਲ ਦਈਏ ਤਾਂ ਵਚਨ ਵਿਚ ਕੋਈ ਫ਼ਰਕ ਨਹੀਂ ਪਵੇਗਾ।

ਪੌਲੁਸ ਨੇ ਛੇਤੀ ਨਾਲ ਕਈ ਗੁਣ ਦੱਸ ਦਿੱਤੇ। ਇਨ੍ਹਾਂ ਗੁਣਾਂ ਦੀ ਗੱਲ ਸਰਸਰੀ ਹੈ ਪਰ ਯਿਸੂ ਵਿਚ ਮਿਲਣ ਵਾਲੀਆਂ ਬਰਕਤਾਂ ਦੀ ਬੇਹਤਰ ਸਮੀਖਿਆ ਲੱਭਣਾ ਔਖਾ ਹੋਵੇਗਾ।

- **ਮਸੀਹ ਵਿਚ ਦਿਲਾਸਾ**: ਅਨੁਵਾਦ ਹੋਏ ਸ਼ਬਦ ''ਦਿਲਾਸਾ'' *paraklēsis* (*ਪੈਰਾਕਲੇਸਿਸ*) ਦਾ ਮੂਲ ਅਰਥ ਹੈ ''ਦੇ ਨਾਲ ਬੁਲਾਉਣਾ।'' ਇਹਦਾ ਅਰਥ ਹੈ ਕਿ ਕਿਸੇ ਨੂੰ ਮਦਦ ਲਈ ''ਦੇ ਨਾਲ ਬੁਲਾਇਆ ਗਿਆ'' ਹੈ। ਇਸ ਦਾ ਅਨੁਵਾਦ ''ਤਾੜਨਾ'' (ASV) ਜਾਂ

‘‘ਦਲੇਰੀ’’ (NASB–ਅਨੁਵਾਦਕ) ਵੀ ਕੀਤਾ ਜਾ ਸਕਦਾ ਹੈ। NCV ਵਿਚ ਪੁੱਛਿਆ ਗਿਆ ਹੈ, ‘‘ਕੀ ਮਸੀਹ ਵਿਚ ਜ਼ਿੰਦਗੀ ਨਾਲ ਤੁਹਾਨੂੰ ਸ਼ਕਤੀ ਮਿਲਦੀ ਹੈ?’’

- **ਪ੍ਰੇਮ ਦੀ ਤਸੱਲੀ**: ਅਨੁਵਾਦ ਹੋਏ ਸ਼ਬਦ ‘‘ਤਸੱਲੀ’’ *paramuthion* (*ਪੈਰਾਮੁਥੋਨ*) ਦਾ ਅਰਥ ‘‘ਦਿਲਾਸਾ’’ *paraklēsis* (*ਪੈਰਾਕਲਿਸਸ*) ਦੇ ਅਰਥ ਵਾਲਾ ਹੀ ਹੈ। ਇਸ ਦਾ ਅਰਥ ‘‘ਸ਼ਾਂਤੀ’’ (KJV; NIV) ਜਾਂ ‘‘ਉਤਸ਼ਾਹ’’ (RSV) ਵੀ ਹੋ ਸਕਦਾ ਹੈ। NCV ਵਿਚ ਪੁੱਛਿਆ ਗਿਆ ਹੈ, ‘‘ਕੀ ਮਸੀਹ ਵਿਚ ਤੁਹਾਡੀ ਜ਼ਿੰਦਗੀ ਨਾਲ ਤੁਹਾਨੂੰ ਤਾਕਤ ਮਿਲਦੀ ਹੈ?’’
- **ਆਤਮਾ ਦੀ ਸਾਂਝ**: ‘‘ਆਤਮਾ’’ *pneuma* (*ਨਯੂਮਾ*) ਦਾ ਅਰਥ ਮਨੁੱਖੀ ਆਤਮਾ ਜਾਂ ਪਵਿੱਤਰ ਆਤਮਾ ਹੋ ਸਕਦਾ ਹੈ। ਜਿਨ੍ਹਾਂ ਦਾ ਇਹ ਮੰਨਣਾ ਹੈ ਕਿ ਇਸ ਦਾ ਅਰਥ ਮਨੁੱਖੀ ਆਤਮਾ ਹੈ ਉਹ ਇਹ ਧਿਆਨ ਦੁਆਉਂਦੇ ਹਨ ਕਿ ਮੂਲ ਲਿਖਤ ਵਿਚ ‘‘ਆਤਮਾ’’ ‘‘spirit’’ ਲਈ ਸ਼ਬਦ ਤੋਂ ਪਹਿਲਾਂ ਕੋਈ ਨਿਸ਼ਚਿਤ ਉਪਪਦ (“the”) ਨਹੀਂ ਹੈ। ਪਰ ਅੰਗ੍ਰੇਜ਼ੀ ਦੇ ਜ਼ਿਆਦਾਤਰ ਅਨੁਵਾਦਾਂ ਵਿਚ ਆਤਮਾ ਲਈ ‘‘Spirit’’ ਲਈ ਵੱਡਾ ‘‘S’’ ਵਰਤਿਆ ਜਾਂਦਾ ਹੈ ਜੋ ਇਸ ਨੂੰ ਪਵਿੱਤਰ ਆਤਮਾ ਲਈ ਬਣਾ ਦਿੰਦਾ ਹੈ (KJV; NKJV; ASV; NASB; RSV; NIV)। ਇਹ ਮੰਨਦਿਆਂ ਕਿ ਇਹ ਸਹੀ ਹੈ ‘‘ਆਤਮਾ ਦੀ ਸਾਂਝ’’ ਵਾਕਅੰਸ਼ ‘‘ਪਵਿੱਤਰ ਆਤਮਾ ਨਾਲ ਸਾਂਝ’’ (ਵੇਖੋ NIV) ਜਾਂ ‘‘ਉਹ ਸਾਂਝ ਜਿਹੜੀ ਸਾਨੂੰ ਪਵਿੱਤਰ ਆਤਮਾ ਦੇ ਕਾਰਣ ਮਿਲਦੀ ਹੈ’’ ਦਾ ਸੰਕੇਤ ਹੋ ਸਕਦਾ ਹੈ। ਦੋਹਾਂ ਵਿੱਚੋਂ ਕੋਈ ਵੀ ਵਿਆਖਿਆ ਹੋ ਸਕਦੀ ਹੈ ਅਤੇ ਦੋਹਾਂ ਦਾ ਅਰਥ ਮਹੱਤਵਪੂਰਣ ਸਚਿਆਈਆਂ ਦਿੰਦਾ ਹੈ ਪਰ ਇੱਥੇ ਬਾਅਦ ਵਾਲਾ ਅਰਥ ਵਧੇਰੇ ਢੁਕਵਾਂ ਲਗਦਾ ਹੈ। ਬਪਤਿਸਮਾ ਲੈਣ ਵੇਲੇ ਸਾਨੂੰ ਸਭ ਨੂੰ ਦਾਨ ਵਜੋਂ ਖ਼ੁਦਾ ਦਾ ਆਤਮਾ ਮਿਲਦਾ ਹੈ (ਰਸੂਲਾਂ ਦੇ ਕਰਤੱਬ 2:38), ਅਤੇ ਇਸ ਨਾਲ ਸਾਨੂੰ ਇਕ ਹੋਣਾ ਚਾਹੀਦਾ ਹੈ (ਵੇਖੋ 1 ਕੁਰਿੰਥੀਆਂ 12:13)। ਰਿਚਰਡ ਬੀ. ਗੱਫ਼ਿਨ, ਜੂਨੀ., ਨੇ ਨਿਚੋੜ ਕੱਢਿਆ ਕਿ ਇਹ ਪਵਿੱਤਰ ਆਤਮਾ ਵੱਲੋਂ ਵਿਸ਼ਵਾਸੀਆਂ ਵਿਚ ਪੈਦਾ ਕੀਤੀ ਗਈ ਸੰਗਤੀ ਹੈ ਜਿਹੜਾ ਉਨ੍ਹਾਂ ਵਿੱਚੋਂ ਹਰੇਕ ਵਿਚ ਵੱਸਦਾ ਹੈ [ਵੇਖੋ 2 ਕੁਰਿੰਥੀਆਂ 13:14]।[1]
- **ਦਿਆਲਗੀ ਅਤੇ ਦਰਦਮੰਦੀ**: ਜਿਨ੍ਹਾਂ ਨੂੰ ਖ਼ੁਦਾ ਦੇ ਪਿਆਰ ਦਾ ਪਤਾ ਲੱਗ ਗਿਆ ਉਨ੍ਹਾਂ ਲਈ ਦੂਜਿਆਂ ਨੂੰ ਪਿਆਰ ਕਰਨਾ ਜ਼ਰੂਰੀ ਹੈ (1 ਯੂਹੰਨਾ 4:11; ਵੇਖੋ ਕੁਲੁੱਸੀਆਂ 3:12)। ਭਲਾ ਫ਼ਿਲਿੱਪੀਆਂ ਨੂੰ ‘‘ਦਿਆਲਗੀ ਅਤੇ ਦਰਦਮੰਦੀ’’ ਮਿਲੀ ਸੀ? ਹਾਂ, ਮਿਲੀ ਸੀ (ਵੇਖੋ ਫ਼ਿਲਿੱਪੀਆਂ 1:8)।

ਫ਼ਿਲਿੱਪੀਆਂ ਨੂੰ ਇਹ ਸਭ ਰੂਹਾਨੀ ਬਰਕਤਾਂ ਮਿਲੀਆਂ ਸਨ, ਜਿਵੇਂ ਸਾਨੂੰ ਵੀ ਮਿਲੀਆਂ ਹਨ। ਸਾਨੂੰ ਮਸੀਹ ਵਿਚ ਮਿਲੀਆਂ ਬਰਕਤਾਂ ਨੂੰ ਕਦੇ ਘੱਟ ਨਹੀਂ ਸਮਝਣਾ ਚਾਹੀਦਾ।

**ਆਇਤ 2.** ਫ਼ਿਲਿੱਪੀਆਂ ਨੂੰ ਇਨ੍ਹਾਂ ਤਰੀਕਿਆਂ ਨਾਲ ਬਰਕਤਾਂ ਮਿਲੀਆਂ ਸਨ ਜਿਸ ਕਰਕੇ ਰਸੂਲ ਨੇ ਇਕ ਬੇਨਤੀ ਕੀਤੀ। ਉਸ ਨੇ ਸ਼ੁਰੂ ਕੀਤਾ, **ਮੇਰੇ ਅਨੰਦ ਨੂੰ ਪੂਰਾ ਕਰੋ।** ਫ਼ਿਲਿੱਪੈ ਦੇ ਭਾਈਆਂ ਨੇ ਪਹਿਲਾਂ ਹੀ ਉਨ੍ਹਾਂ ਨੂੰ ਖੁਸ਼ ਕਰ ਦਿੱਤਾ ਸੀ (1:3, 4; 4:1); ਹੁਣ ਅਸਲ ਵਿਚ ਉਸ ਨੇ ਆਖਿਆ ਕਿ ‘‘ਉਸ ਅਨੰਦ ਨੂੰ ਵਧਾ ਦਿਓ।’’ ਅਨੁਵਾਦ ਹੋਏ ਸ਼ਬਦ ‘‘ਪੂਰਾ ਕਰੋ’’ *plēroō* (ਪਲੇਰੂ) ਦਾ ਅਰਥ ਹੈ ‘‘ਭਰ ਦੇਣਾ’’[2]; NASB ਵਿਚ (ਅਨੁਵਾਦਕ) ਹੈ, ‘‘ਬਣਾ ਦਿਓ’’ (‘‘ਪੂਰਾ ਭਰੋ’’)। ਜੇ. ਬੀ. ਲਾਈਟਫ਼ੁਟ ਦੇ ਅਨੁਵਾਦ ਵਿਚ ਹੈ ‘‘ਅਨੰਦ ਦਾ ਮੇਰਾ ਪਿਆਲਾ ਡੁੱਲ੍ਹਣ ਤਕ ਪੂਰਾ ਭਰੋ।’’[3]

ਪੌਲੁਸ ਦਾ ਅਨੰਦ ਕਿਵੇਂ ਉੱਪਰ ਤਕ ਡੁੱਲ੍ਹਣਾ ਸੀ? ਇਹ ਸੁਣ ਕੇ ਕਿ ਫ਼ਿਲਿੱਪੀ ਲੋਕ ਉਸ ਸ਼ਾਂਤੀ

ਅਤੇ ਏਕਤਾ ਦਾ ਅਨੰਦ ਮਾਣ ਰਹੇ ਸਨ: **ਇਕ ਮਨ** *[* ਮੂਲ ਵਿਚ ''ਇੱਕੋ ਗੱਲ ਸੋਚੋ'' *]* **ਇੱਕੋ ਜਿਹਾ ਪ੍ਰੇਮ ਰੱਖੋ** *[* ਮੂਲ ਵਿਚ ''ਇਕ ਜਾਨ'' *]* **ਇਕ ਮਤ** *[* ਮੂਲ ਵਿਚ ''ਇੱਕੋ ਗੱਲ ਸੋਚਣਾ'' *]* ਹੋ ਕੇ ''ਮੇਰੇ ਅਨੰਦ ਨੂੰ ਪੂਰਾ ਕਰੋ।'' ਇੱਥੇ ਵਰਤੀ ਗਈ ਸ਼ਬਦਾਵਲੀ ਅਤੇ 1:27 ਵਿਚਲੀ ਸ਼ਬਦਾਵਲੀ ਉਹੀ ਹੈ। ਰਸੂਲ ਚਾਹੁੰਦਾ ਸੀ ਕਿ ਉਹ *ਧਿਆਨ* (ਸੋਚ ਵਿਚ, ''ਹਮਖ਼ਿਆਲ ਹੋਣਾ'') ਅਤੇ *ਵਿਹਾਰ* (''ਆਤਮਾ ਵਿਚ ਇਕ'') ਵਿਚ ਇਕ ਹੋਣ। ਪਰ ਉਸ ਨੇ ਦੋ ਨਵੇਂ ਤੱਥ ਜੋੜ ਦਿੱਤੇ, ਕਿਉਂਕਿ ਉਹ ਚਾਹੁੰਦਾ ਸੀ ਕਿ ਉਹ *ਲਗਾਅ* (''ਇੱਕੋ ਪ੍ਰੇਮ ਨੂੰ ਬਣਾਈ ਰੱਖਣਾ'') ਅਤੇ *ਮਕਸਦ* (''ਇੱਕੋ ਮਕਸਦ ਦਾ ਇਰਾਦਾ'') ਵਿਚ ਇਕ ਹੋਣ। ਪੌਲੁਸ ਫ਼ਿਲਿੱਪੀਆਂ ਤੋਂ ਚਾਹੁੰਦਾ ਸੀ ਕਿ ਉਹ ਦਿਲ, ਮਨ ਅਤੇ ਜਾਨ ਵਿਚ ਇਕ ਹੋਣ। ਲੇਖਕਾਂ ਨੇ ਇਸ ਗੱਲ ਵੱਲ ਧਿਆਨ ਦਿੱਤਾ ਹੈ ਕਿ ਆਇਤ 1 ਵਿਚਲੀਆਂ ਯਾਦ ਦੁਆਉਣ ਵਾਲੀਆਂ ਗੱਲਾਂ ਨੂੰ ਆਇਤ 2 ਵਿਚ ਬੇਨਤੀਆਂ ਨਾਲ ਮਿਲਾਇਆ ਜਾ ਸਕਦਾ ਹੈ:

- ''ਮਸੀਹ ਵਿਚ ਦਿਲਾਸਾ'' ਹੈ (ਆਇਤ 1) ਇਸ ਕਰਕੇ, ''ਇਕ ਮਨ ਹੋਵੋ'' (ਆਇਤ 2)।
- ''ਪ੍ਰੇਮ ਦੀ ਤਸੱਲੀ'' ਹੈ (ਆਇਤ 1), ਇਸ ਕਰਕੇ ''ਇੱਕੋ ਜਿਹਾ ਪ੍ਰੇਮ ਰੱਖੋ'' (ਆਇਤ 2)।
- ''ਆਤਮਾ ਦੀ ਸਾਂਝ'' ਹੈ (ਆਇਤ 1), ਇਸ ਕਰਕੇ ''ਇਕ ਚਿੱਤ'' ਹੋਵੋ (ਆਇਤ 2)।
- ''ਦਿਆਲਗੀ ਅਤੇ ਦਰਦਮੰਦੀ'' ਹੈ (ਆਇਤ 1), ਇਸ ਕਰਕੇ ''ਇਕਮਤ ਹੋਵੋ'' (ਆਇਤ 2)।

ਏਕਤਾ ਇਕ ਕੀਮਤੀ ਗੁਣ ਹੈ ਅਤੇ ਮਸੀਹ ਦੇ ਕਾਰਜ ਲਈ ਬੇਹੱਦ ਲੋੜੀਂਦੀ ਹੈ। ਯਿਸੂ ਨੇ ਆਪਣੇ ਪੈਰੋਕਾਰਾਂ ਦੇ ''ਇਕ ਹੋਣ'' ਲਈ ਦੁਆ ਕੀਤੀ ਤਾਂ ਜੋ ਜਗਤ ਸੱਚ ਮੰਨੇ ਕਿ ਖ਼ੁਦਾ ਨੇ ਹੀ ਉਸ ਨੂੰ ਭੇਜਿਆ ਸੀ (ਯੂਹੰਨਾ 17:21, 23)। ਉਪਦੇਸ਼ਕ ਦੀ ਪੋਥੀ ਦੇ ਲੇਖਕ ਨੇ ਇਕੱਠੇ ਹੋਣ ਤੋਂ ਮਿਲਣ ਵਾਲੀ ਸ਼ਕਤੀ ਦੀ ਗੱਲ ਕੀਤੀ: ''ਅਤੇ ਜੇ ਕੋਈ ਇਕ ਉੱਤੇ ਪਰਬਲ ਪੈ ਜਾਵੇ ਤਾਂ ਉਹ ਦੋਵੇਂ ਉਹਦੇ ਨਾਲ ਮੱਥਾ ਲਾ ਸਕਦੇ ਹਨ ਅਤੇ ਤੇਹਰੀ ਰੱਸੀ ਝੱਬਦੇ ਨਹੀਂ ਟੁੱਟਦੀ'' (ਉਪਦੇਸ਼ਕ 4:12)। ਜਿਸ ਤੋਂ ਖ਼ੁਦਾ ਨੂੰ ਨਫ਼ਰਤ ਹੈ ਉਹ ਅਜਿਹਾ ਵਿਅਕਤੀ ਹੈ ''ਜਿਹੜਾ ਭਾਈਆਂ ਵਿਚ ਝਗੜਾ ਪਾਉਣ ਵਾਲਾ'' ਹੁੰਦਾ ਹੈ (ਕਹਾਉਤਾਂ 6:19)। ਏਕਤਾ ਦੀ ਬਰਕਤ ਅਤੇ ਫੁੱਟ ਦੇ ਸਰਾਪ ਨਾਲ ਸਬੰਧਿਤ ਹੋਰ ਹਵਾਲਿਆਂ ਵਿਚ ਉਤਪਤ 14:8; ਰੋਮੀਆਂ 15:5; 16:17; 1 ਕੁਰਿੰਥੀਆਂ 1:10; ਗਲਾਤੀਆਂ 5:19–21; ਅਤੇ ਅਫ਼ਸੀਆਂ 4:1–6 ਸ਼ਾਮਿਲ ਹਨ।

ਕੁਝ ਲੇਖਕਾਂ ਨੇ ਏਕਤਾ ਖ਼ਾਸਕਰ ਸਿੱਖਿਆ ਅਤੇ ਡਾਕਟ੍ਰਿਨ ਵਿਚ ਏਕਤਾ ਦੇ ਖਿਲਾਫ਼ ਬੋਲਣ ਦੇ ਬਹਾਨੇ ਵਜੋਂ ਫ਼ਿਲਿੱਪੀਆਂ 1:27 ਅਤੇ 2:2 ਦੀ ਵਰਤੋਂ ਕੀਤੀ ਹੈ। ਆਮ ਦਾਅਵਾ ਹੈ ਕਿ ''ਏਕਤਾ ਏਕਰੂਪਤਾ ਨਹੀਂ ਹੈ।'' ਇਹ ਸੱਚ ਹੈ ਅਸੀਂ ਸਭ ਫ਼ਰਕ ਹਾਂ ਅਤੇ ਸਾਨੂੰ ਹਰ ਗੱਲ ਉੱਤੇ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਤਾਂ ਵੀ ਖ਼ੁਦਾ ਇਸ ਦੇ ਬਾਵਜੂਦ ਇਕ ਬੁਨਿਆਦੀ ਏਕਤਾ ਚਾਹੁੰਦਾ ਹੈ।

ਬੀਤੇ ਸਮੇਂ ਵਿਚ ਇਕ ਨਾਅਰਾ ਆਮ ਤੌਰ ਤੇ ਸੁਣਨ ਵਿਚ ਆਉਂਦਾ ਸੀ ''ਨਿਹਚਾ ਦੇ ਮਾਮਲਿਆਂ ਵਿਚ, ਏਕਤਾ; ਵਿਚਾਰ ਦੇ ਮਾਮਲਿਆਂ ਵਿਚ, ਉਦਾਰਤਾ; ਅਤੇ ਹੋਰਨਾਂ ਸਭਨਾਂ ਗੱਲਾਂ ਵਿਚ ਚੈਰਿਟੀ *[* ਭਾਵ ਪ੍ਰੇਮ *]*।''[4] ਇਹ ਸਮਝਿਆ ਜਾਂਦਾ ਸੀ ਕਿ ''ਨਿਹਚਾ ਦੇ ਮਾਮਲੇ'' ਉਹ ਨਿਯਮ ਹਨ ਜਿਹੜੇ ਪਰਮੇਸ਼ੁਰ ਦੇ ਵਚਨ ਵਿਚ ਸਾਫ਼ ਸਾਫ਼ ਦਿੱਤੇ ਗਏ ਹਨ (ਵੇਖੋ ਰੋਮੀਆਂ 10:17)। ਇਨ੍ਹਾਂ ਤੇ ਸਾਨੂੰ ਇਕ ਹੋਣਾ ਲਾਜ਼ਮੀ ਹੈ। ''ਵਿਚਾਰ ਦੇ ਮਾਮਲੇ'' ਉਹ ਵਿਸ਼ੇ ਹਨ ਜਿਨ੍ਹਾਂ ਬਾਰੇ ਬਾਈਬਲ ਵਿਚ ਕੋਈ ਸਾਫ਼ ਗੱਲ ਨਹੀਂ ਮਿਲਦੀ। ਇਨ੍ਹਾਂ ਤੇ ਬਿਨਾਂ ਅਸਹਿਮਤ ਹੋਏ, ਅਸੀਂ ਸਹਿਮਤ ਹੋ ਸਕਦੇ ਹਾਂ। ਭਾਈਆਂ ਵਿਚ ਕਈ ਵਾਰ ਇਸ ਗੱਲ ਤੇ ਅਸਹਿਮਤੀ ਹੁੰਦੀ ਹੈ ਕਿ ਕੋਈ ਖ਼ਾਸ ਸਿੱਖਿਆ ''ਨਿਹਚਾ ਦਾ ਮਾਮਲਾ'' ਹੈ ਜਾਂ ''ਵਿਚਾਰ ਦਾ ਮਾਮਲਾ'' ਪਰ ਇਸ ਨਾਅਰੇ ਨਾਲ ਦੱਸੇ ਜਾਂਦੇ ਬੁਨਿਆਦੀ ਨਿਯਮਾਂ ਨਾਲ ਜੁੜੇ

ਰਹਿਣ ਨਾਲ ਵਿਚਾਰ ਅਤੇ ਸਿੱਖਿਆ ਦੀ ਬੁਨਿਆਦੀ ਏਕਤਾ ਹੁੰਦੀ ਹੈ। ਬੇਸ਼ੱਕ ਸਾਰੇ ਮਾਮਲਿਆਂ ਵਿਚ ਸਾਨੂੰ ਪਿਆਰ ਤੋਂ ਪ੍ਰੇਰਿਤ ਹੋਣਾ ਚਾਹੀਦਾ ਹੈ।

## **ਬੇਗਰਜ਼ੀ ਵਿਚ ਏਕਤਾ** (2:3, 4)

**3ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ ਸਗੋਂ ਤੁਸੀਂ ਅਧੀਨਗੀ ਨਾਲ ਇਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ। 4ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ।**

**ਆਇਤਾਂ 3, 4.** ਇਨ੍ਹਾਂ ਆਇਤਾਂ ਵਿਚ ਪੌਲੁਸ ਨੇ ਬੇਗਰਜ਼ੀ ਦੀ ਲੋੜ ਤੇ ਜ਼ੋਰ ਦਿੱਤਾ। ਉਹਦੀਆਂ ਹਦਾਇਤਾਂ ਮੰਨਣੀਆਂ ਔਖੀਆਂ ਤਾਂ ਹਨ, ਪਰ ਹੈਨ ਬੇਹੱਦ ਜ਼ਰੂਰੀ। **ਧੜੇ ਬਾਜ਼ੀਆਂ ਅਥਵਾ ਫੋਕੇ ਘੁਮੰਡ ਨਾਲ ਕੁਝ ਨਾ ਕਰੋ।** ''ਧੜੇਬਾਜ਼ੀਆਂ'' ਲਈ ਸ਼ਬਦ ਉਸੇ ਯੂਨਾਨੀ ਮੂਲ ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਨੁਵਾਦ (NASB ਵਿਚ ਅਨੁਵਾਦਕ ) 1:17 ਵਿਚ ''ਖ਼ੁਦਗਰਜ਼ੀ'' *eritheia* (*ਏਰਿਥਿਆ*) ਹੋਇਆ ਹੈ। ਇਸ ਸ਼ਬਦ ਦਾ ਅਰਥ ਲੋਕਾਂ ਨੂੰ ਆਪਣੇ ਮਗਰ ਲਾਉਣ ਦੀ ਕੋਸ਼ਿਸ਼ ਕਰਨ ਦਾ ਵਿਹਾਰ ਹੈ ਭਾਵੇਂ ਇਸ ਨਾਲ ਝਗੜਾ ਹੀ ਕਿਉਂ ਨਾ ਹੁੰਦਾ ਹੋਵੇ। ਅਫ਼ਸੋਸ ਦੀ ਗੱਲ ਹੈ ਕਿ ਭਾਈ ''ਕੰਮ ਨੂੰ ਵਧਾਉਣ ਲਈ ਨਹੀਂ ਬਲਕਿ ਆਪਣੇ ਆਪ ਨੂੰ ਵਧਾਉਣ ਲਈ'' ਕੰਮ ਕਰ ਸਕਦੇ ਹਨ।[5] NCV ਵਿਚ ਇਸ ਦਾ ਅਨੁਵਾਦ ''ਘੁਮੰਡ'' ਕੀਤਾ ਗਿਆ ਹੈ। ਇਸ ਵਾਕਅੰਸ਼ ਦਾ ਅਨੁਵਾਦ ਯੂਨਾਨੀ ਮਿਸ਼ਰਿਤ ਸ਼ਬਦ *kenodoxia* (ਕੇਨੋਡੋਕਸੀਆ) ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ ''ਫੋਕੀ ਵਡਿਆਈ।'' ਜਦੋਂ ਕਿਸੇ ਦਾ ਮਕਸਦ ਆਪਣੀ ਵਡਿਆਈ ਕਰਾਉਣਾ ਹੁੰਦਾ ਹੈ ਤਾਂ ਅਖ਼ੀਰ ਵਿਚ ਉਹ ''ਵਡਿਆਈ'' ਫੋਕੀ ਅਤੇ ਬੇਕਾਰ ਹੋ ਜਾਂਦੀ ਹੈ।

ਖ਼ੁਦਗਰਜ਼ੀ ਅਤੇ ਘੁਮੰਡ ਦਾ ਇਲਾਜ ਕੀ ਹੈ? ਪੌਲੁਸ ਨੇ ਅੱਗੇ ਆਖਿਆ, **ਸਗੋਂ ਤੁਸੀਂ ਅਧੀਨਗੀ ਨਾਲ ਇਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ।** ਯੂਨਾਨੀ ਲੋਕਾਂ ਵਿਚ ਹਲੀਮੀ ਦੀ ਕੋਈ ਅਹਿਮੀਅਤ ਨਹੀਂ ਸੀ। ਸ਼ਬਦ ਦਾ ਵਿਸ਼ੇਸ਼ਣ ਰੂਪ ਸੀ ''ਗੁਲਾਮ ਦੀ ਮਾਨਸਿਕਤਾ ਬਿਆਨ ਕਰਨ ਲਈ ਲਾਇਆ ਗਿਆ ...। ਇਸ ਤੋਂ ਨੀਚ, ਅਯੋਗ, ਗੰਦਾ, ... ਕਿਸੇ ਕੰਮ ਦਾ ਨਹੀਂ ਹੋਣ ਦਾ ਵਿਚਾਰ ਮਿਲਦਾ ਸੀ।''[6] ਕਾਫ਼ਿਰ ਵਿਅਕਤੀ ''ਹਲੀਮ'' ਹੋਣ ਦਾ ਠੱਪਾ ਲੱਗਣ ਤੋਂ ਖ਼ੌਫ਼ਜ਼ਦਾ ਹੁੰਦਾ ਹੋਵੇਗਾ। ਨਵੇਂ ਨੇਮ ਦੇ ਲੇਖਕਾਂ ਨੇ ਹਲੀਮੀ ਨੂੰ ਇਕ ਗੁਣ, ਬਲਕਿ ਸਭ ਤੋਂ ਉੱਚੇ ਗੁਣਾਂ ਵਿੱਚੋਂ ਇਕ ਬਣਾ ਦਿੱਤਾ। ਪਤਰਸ ਨੇ ਲਿਖਿਆ,

> ... ਤੁਸੀਂ ਸੱਭੇ ਇਕ ਦੂਏ ਦੀ ਟਹਿਲ ਕਰਨ ਲਈ ਮਨ ਦੀ ਹਲੀਮੀ ਨਾਲ ਲੱਕ ਬੰਨ੍ਹੋਂ, ਇਸ ਲਈ ਜੋ ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਨੂੰ ਕਿਰਪਾ ਬਖ਼ਸ਼ਦਾ ਹੈ।
>
> ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆਂ ਕਰੇ (1 ਪਤਰਸ 5:5, 6)।

ਅਧੀਨ ਜਾਂ ਹਲੀਮ ਹੋਣ ਦਾ ਕੀ ਅਰਥ ਹੈ? ਅਸੀਂ ਆਪਣੀ ਬੋਲਚਾਲ ਅਤੇ ਵਿਹਾਰ ਵਿਚ ਸਾਦਾ ਹੋਣ ਦੀ ਲੋੜ ਤੇ ਗੱਲ ਕਰ ਸਕਦੇ ਹਾਂ। ਅਸੀਂ ਪੌਲੁਸ ਦੀ ਨਸੀਹਤ ਤੇ ਚਰਚਾ ਕਰ ਸਕਦੇ ਹਾਂ ਕਿ ਉਹ ਆਪਣੇ ਆਪਨੂੰ ''ਜਿੰਨਾਂ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ'' (ਰੋਮੀਆਂ 12:3)। ਪਰ ਹੋ ਸਕਦਾ ਹੈ ਕਿ ਇਸ ਦੀ ਬੇਹਤਰੀਨ ਪਰਿਭਾਸ਼ਾ ਫ਼ਿਲਿੱਪੀਆਂ 2:3, 4 ਵਿਚ ''ਅਧੀਨਗੀ'' ਦੇ ਬਾਅਦ ਆਉਣ ਵਾਲੇ ਸ਼ਬਦਾਂ ਵਿਚ ਹੋਵੇ: ''ਤੁਸੀਂ ਅਧੀਨਗੀ ਨਾਲ ਇਕ ਦੂਏ ਨੂੰ ਆਪਣੇ ਆਪ

ਤੋਂ ਉੱਤਮ ਜਾਣੋ। ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ।''

''ਅਧੀਨਗੀ'' ਦਾ ਅਰਥ ਗਲਤ ਸਮਝਿਆ ਜਾਂਦਾ ਹੈ। ਕਈ ਇਹ ਮੰਨ ਲੈਂਦੇ ਹਨ ਕਿ ਇਹਦਾ ਅਰਥ ਕਿਸੇ ਨੂੰ ਕਿਸੇ ਕੰਮ ਦਾ ਨਾ ਮੰਨਣਾ ਹੈ, ਪਰ ਇਹ ਗਲਤ ਹੈ। ਮੂਸਾ ਨੂੰ ''ਬਹੁਤ ਅਧੀਨ'' (ਗਿਣਤੀ 12:3) ਦੱਸਿਆ ਗਿਆ ਹੈ, ਪਰ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਸ ਮਹਾਨ ਆਗੂ ਨੂੰ ਲਗਦਾ ਹੋਵੇ ਕਿ ਉਹ ਬੇਕਾਰ ਹੈ। ਯਿਸੂ ਨੇ ਆਪਣੇ ਆਪ ਨੂੰ ''ਕੋਮਲ ਅਤੇ ਮਨ ਦਾ ਗ਼ਰੀਬ'' ਦੱਸਿਆ (ਮੱਤੀ 11:29; ਵੇਖੋ ਫ਼ਿਲਿੱਪੀਆਂ 2:8), ਪਰ ਉਸ ਨੇ ਉਸ ਵਡਿਆਈ ਦੀ ਵੀ ਗੱਲ ਕੀਤੀ ਜਿਹੜੀ ਖ਼ੁਦਾ ਨੇ ਉਸ ਨੂੰ ਦਿੱਤੀ ਸੀ (ਯੂਹੰਨਾ 17:22; ਵੇਖੋ ਫ਼ਿਲਿੱਪੀਆਂ 2:11)। ਪ੍ਰਭੂ ਨੇ ਆਪਣੀ ਨਿਖੇਧੀ ਕਰਨ ਵਿਚ ਸਮਾਂ ਨਹੀਂ ਗੁਆਇਆ।

ਹਲੀਮੀ ਆਪਣੀ ਨਿਖੇਧੀ ਨਹੀਂ ਬਲਕਿ *ਬੇਪਰਵਾਹੀ* ਹੈ। ਇਹ ਆਪਣੇ ਆਪ ਨੂੰ ਮਾੜਾ ਮੰਨਣਾ ਨਹੀਂ ਬਲਕਿ ਦੂਜਿਆਂ ਦੀ ਐਨੀ ਪਰਵਾਹ ਕਰਨ ਵਾਲਾ ਹੋਣਾ ਹੈ ਕਿ ਉਹ ਆਪਣੇ ਵੱਲ ਧਿਆਨ ਹੀ ਨਾ ਦਵੇ। 2:1–4 ਤੋਂ ਅਗਲੀਆਂ ਆਇਤਾਂ ਵਿਚ ਪੌਲੁਸ ਨੇ ਹਲੀਮੀ ਦੀ ਸਭ ਤੋਂ ਵੱਡੀ ਮਿਸਾਲ ਦਿੱਤੀ: ਯਿਸੂ। ਮਸੀਹ ਨੂੰ ਸਾਡੀਆਂ ਲੋੜਾਂ ਦੀ ਐਨੀਂ ਪਰਵਾਹ ਸੀ ਕਿ ਅਸਲ ਵਿਚ ਉਹ ਨੇ ਆਪਣੇ ਆਪ ਨੂੰ ''ਭੁਲਾ'' ਦਿੱਤਾ। ਇਸ ਧਰਤੀ ਉੱਤੇ ਆਇਆ ਅਤੇ ਸਾਡੇ ਲਈ ਮਰ ਗਿਆ (2:5–8)। ਪੌਲੁਸ ਨੇ ਆਪਣੇ ਪਾਠਕਾਂ ਨੂੰ ਉਹੀ ''ਸੋਚ'' ਰੱਖਣ ਦੀ ਚੁਣੌਤੀ ਦਿੱਤੀ (2:5; KJV)। ਆਰ. ਸੀ. ਬੈੱਲ ਨੇ ਕਿਹਾ ਹੈ, ''ਸਿਰਫ਼ ਨਿਮਰਤਾ ਨਾਲ ਸੋਚਣ ਵਾਲੇ ਹੀ ਸਮਾਨ ਸੋਚ ਵਾਲੇ ਹੋ ਸਕਦੇ ਹਨ।''[7]

ਕਈਆਂ ਨੂੰ ਆਇਤ 3 ਦੇ ਪਿਛਲੇ ਭਾਗ ਨੂੰ ਸਮਝਣ ਵਿਚ ਦਿੱਕਤ ਆਉਂਦੀ ਹੈ: ''ਇਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ।'' ਅਨੁਵਾਦ ਹੋਇਆ ਸ਼ਬਦ ''ਤੋਂ ਉੱਤਮ ਜਾਣੋ'' ਇਕ ਮਿਸ਼ਰਤ ਯੂਨਾਨੀ ਸ਼ਬਦ *huperechō* (*ਹੁਪੇਰੇਚੋ*) ਦਾ ਇਕ ਰੂਪ ਹੈ ਜਿਹੜਾ *echō* (*ਏਕੋ*, ਰੱਖਣਾ) ਦੇ ਨਾਲ (*huper*, *ਹੁਪੇਰ*) (*ਉੱਪਰ*) ਦੇ ਨਾਲ ਪੂਰਵਸਰਗ *huper* (*ਹੁਪੇਰ*) ਨੂੰ ਮਿਲਾਉਂਦਾ ਹੈ। ਮੂਲ ਵਿਚ ਇਸ ਦਾ ਅਰਥ ਹੈ ''ਉੱਪਰ ਰੱਖਣਾ।'' ਅਲੰਕਾਰਕ ਰੂਪ ਵਿਚ ਇਸ ਦਾ ਅਰਥ ਹੈ ''ਤੋਂ ਵਧੀਆ ਹੋਣਾ, ਤੋਂ ਉੱਪਰ ਹੋਣਾ''[8] ਜ਼ਿਆਦਾਤਰ ਅਨੁਵਾਦ ਵਿਚ ''ਤੋਂ ਬੇਹਤਰ'' ਹੈ (KJV; NKJV; ASV; NIV; RSV)। ਅਸੀਂ ਇਸ ਨੂੰ ''ਦੂਜੇ ਗ੍ਰੇਟ ਕਮੀਸ਼ਨ ਦੇ ਤੇਜ਼ ਕੀਤੇ ਜਾਣ'' ਵਜੋਂ ਸੋਚ ਸਕਦੇ ਹਾਂ। ਦੂਜਾ ਵੱਡਾ ਹੁਕਮ, ''ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ'' (ਮੱਤੀ 22:39)। ਦੂਜਾ ਵੱਡਾ ਹੁਕਮ ਤੇਜ਼ ਕੀਤਾ ਗਿਆ ਹੈ, ''ਤੂੰ ਆਪਣੇ ਗੁਆਂਢੀ ਨੂੰ ਆਪਣੇ ਨਾਲੋਂ *ਬੇਹਤਰ* ਪਿਆਰ ਕਰ।''

ਆਪਣੇ ਨਾਲੋਂ ਦੂਜਿਆਂ ਨੂੰ ਬੇਹਤਰ ਜਾਣਨ ਦੀ ਨਸੀਹਤ ਕਈਆਂ ਨੂੰ ਪਰੇਸ਼ਾਨ ਕਰਦੀ ਹੈ। ਉਹ ਇਕ ਮਸੀਹੀ ਵੱਲ ਧਿਆਨ ਦੁਆ ਕੇ ਆਖਦੇ ਹਨ, ''ਮੈਂ ਉਸ ਨੂੰ ਆਪਣੇ ਨਾਲੋਂ ਬੇਹਤਰ ਜਾਂ ਬਹੁਤਾ ਅਹਿਮ ਕਿਉਂ ਮੰਨਾਂ? ਉਹ ਬਹੁਤਾ ਪੜ੍ਹਿਆ ਨਹੀਂ ਹੈ ਜਾਂ ਬਹੁਤਾ ਗੁਣੀ ਨਹੀਂ ਹੈ ... ਜਾਂ ਬਹੁਤਾ ਕਾਰੀਗਰ ਨਹੀਂ ਹੈ ... ਜਾਂ ਬਹੁਤਾ ਮਜ਼ਬੂਤ ਨਹੀਂ ਹੈ ... ਜਾਂ ਬਹੁਤਾ ਸੋਹਣਾ ਨਹੀਂ ... ਜਾਂ ਬਹੁਤ ਭਗਤ ਨਹੀਂ ਹੈ!'' ਇਸ ਤਰੀਕੇ ਨਾਲ ਦਲੀਲ ਦੇਣ ਵਾਲੇ ਸੰਦੇਸ਼ ਦੇ ਸਾਰ ਨੂੰ ਨਹੀਂ ਸਮਝ ਸਕੇ। ਇਸ ਵਿਚ ਇਹ ਨਹੀਂ ਕਿਹਾ ਗਿਆ ਕਿ ਦੂਜਾ ਵਿਅਕਤੀ ਤੁਹਾਡੇ ਨਾਲੋਂ *ਬੇਹਤਰ* ਹੈ। ਬਲਕਿ ਇਹ ਕਿਹਾ ਗਿਆ ਕਿ ਤੁਸੀਂ ਆਪਣੇ ਨਾਲੋਂ ਬੇਹਤਰ ਜਾਣੋ। ਇਸ ਸੰਦਰਭ ਵਿਚ ਇਹ ਉਸ ਦੀਆਂ ਲੋੜਾਂ ਨੂੰ ਤੁਹਾਡੀਆਂ ਆਪਣੀਆਂ ਲੋੜਾਂ ਨਾਲੋਂ ਵੱਧ ਅਹਿਮ ਮੰਨਣਾ ਹੈ। ਅਰਲ ਐਫ਼. ਪਾਮਰ ਨੇ ਸੁਝਾਅ ਦਿੱਤਾ ਹੈ ਕਿ ਪੌਲੁਸ ''ਪਹਿਲੀ ਸਦੀ ਦੇ ਇਜ਼ਹਾਰ ਦੀ'' ਵਰਤੋਂ ਕਰ ਰਿਹਾ ਸੀ, ''ਜਿਸ ਦਾ ਵਧੀਆ ਅਨੁਵਾਦ 'ਦੂਜਿਆਂ ਨੂੰ ਕਤਾਰ ਵਿਚ ਆਪਣੇ ਤੋਂ ਅੱਗੇ ਕਰਦੀ' ਹੈ।''[9]

ਲਿਖਤ ਦਾ ਸਾਡਾ ਹਿੱਸਾ ਇਨ੍ਹਾਂ ਸ਼ਬਦਾਂ ਨਾਲ ਖ਼ਤਮ ਹੁੰਦਾ ਹੈ: **ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ।** ਬਾਈਬਲ ਆਪਣੇ ਆਪ

ਲਈ ਲੋੜੀਂਦੀ ਪਰਵਾਹ ਕਰਨ ਦੀ ਸਿੱਖਿਆ ਦਿੰਦੀ ਹੈ (ਵੇਖੋ ਮੱਤੀ 22:39; ਅਫ਼ਸੀਆਂ 5:28, 29), ਪਰ ਸਾਨੂੰ ਖ਼ਬਰਦਾਰ ਰਹਿਣ ਦੀ ਲੋੜ ਹੈ ਕਿ ਅਸੀਂ ਖ਼ੁਦਗਰਜ਼ ਨਾ ਹੋਈਏ। ਸਾਨੂੰ ਦੂਜਿਆਂ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ। ਆਇਤਾਂ 3 ਅਤੇ 4 ਵਿਚ ਪੌਲੁਸ ਦੀਆਂ ਹਦਾਇਤਾਂ ਨੂੰ ਮੰਨਣਾ ਔਖਾ ਹੈ। ਆਪਣੇ ਉੱਤੇ ਧਿਆਨ ਲਾਉਣਾ ਔਖਾ ਨਹੀਂ ਹੈ।

## ਪ੍ਰਸੰਗਿਕਤਾ

**ਏਕਤਾ** (2:1—4)

ਏਕਤਾ ਦੀ ਅਹਿਮੀਅਤ ਹਰ ਥਾਂ ਸਮਝੀ ਜਾਂਦੀ ਹੈ। ਸਿਆਸਤਦਾਨ ਏਕਤਾ ਦੀ ਲੋੜ ਨੂੰ ਮੰਨਦੇ ਹਨ। 1769 ਵਿਚ ਜੌਨ ਡਿਕਿਨਸਨ[10] ਨੇ ਆਪਣੇ ਨਾਲ ਦੇ ਸ਼ਹਿਰੀਆਂ ਨੂੰ ਬੇਨਤੀ ਕੀਤੀ, ''ਤਦ ਹੱਥ ਵਿਚ ਹੱਥ ਪਾ ਕੇ, ਸਾਰੇ ਬਹਾਦੁਰ ਅਮਰੀਕਿਓ! ਇਕੱਠੇ ਹਾਂ ਤਾਂ ਟਿਕੇ ਹਾਂ, ਵੰਡੇ ਹੋਏ ਹਾਂ ਤਾਂ ਡਿੱਗੇ ਹਾਂ।'' ਫ਼ੌਜੀ ਯੁੱਧ ਨੀਤੀਕਾਰ ਇਸ ਸਚਿਆਈ ਨੂੰ ਮੰਨਦੇ ਹਨ। ਇਕ ਪੁਰਾਣੀ ਕਹਾਵਤ ਹੈ ''ਫੁੱਟ ਪਾਓ ਅਤੇ ਰਾਜ ਕਰੋ।''[11] ਧਰਮ ਵਿਚ ਏਕਤਾ ਦੀ ਵੀ ਬੜੀ ਲੋੜ ਹੈ। ਯਿਸੂ ਨੇ ਦੁਆ ਕੀਤੀ ਕਿ ਉਸ ਦੇ ਪੈਰੋਕਾਰ ਇਕ ਹੋਣ (ਯੂਹੰਨਾ 17:20—23) ਅਤੇ ਇਸ ਆਮ ਸਚਿਆਈ ਨੂੰ ਇਸ ਤਰ੍ਹਾਂ ਬਿਆਨ ਕੀਤਾ: ''ਜੇ ਕਿਸੇ ਰਾਜ ਵਿਚ ਫੁੱਟ ਪੈ ਜਾਵੇ ਤਾਂ ਉਹ ਰਾਜ ਠਹਿਰ ਨਹੀਂ ਸਕਦਾ'' (ਮਰਕੁਸ 3:24)।

**ਦੂਜਿਆਂ ਲਈ ਅਹਿਮੀਅਤ ਵਧੇਰੇ** (2:3)

ਆਇਤ 3 ਦਾ ਅਖ਼ੀਰ ਹਿੱਸਾ ਪੜ੍ਹਦਿਆਂ ਮੈਨੂੰ ਆਪਣੇ ਮਾਪਿਆਂ ਦਾ ਧਿਆਨ ਆਉਂਦਾ ਹੈ। ਮੇਰੇ ਭਰਾ ਕੋਏ ਅਤੇ ਮੇਰਾ ਜਨਮ ਮੰਦੀ ਦੇ ਦੌਰਾਨ ਹੋਇਆ। ਮੇਰੇ ਮਾਪਿਆਂ ਕੋਲ ਬਹੁਤੇ ਪੈਸੇ ਨਹੀਂ ਸਨ ਪਰ ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਮੈਨੂੰ ਅਤੇ ਕੋਏ ਨੂੰ ਤੰਦਰੁਸਤ ਰਹਿਣ ਯੋਗ ਫਲ ਅਤੇ ਸਬਜ਼ੀਆਂ ਮਿਲਦੀਆਂ ਰਹਿਣ, ਭਾਵੇਂ ਉਹ ਆਪ ਫਾਕਾ ਝੱਲ ਲੈਂਦੇ ਸਨ। ਉਹ ਸਾਨੂੰ ਆਪਣੇ ਨਾਲੋਂ ''ਵੱਧ ਅਹਿਮ'' ਮੰਨਦੇ ਸਨ, ਇਸ ਕਰਕੇ ਨਹੀਂ ਕਿ ਅਸੀਂ ਉਨ੍ਹਾਂ ਨਾਲੋਂ ਵੱਡੇ, ਬਲਵਾਨ ਜਾਂ ਹੁਸ਼ਿਆਰ ਸਾਂ ਬਲਕਿ ਇਸ ਕਰਕੇ ਕਿਉਂਕਿ ਉਹ ਸਾਨੂੰ ਪਿਆਰ ਕਰਦੇ ਸਨ।

---

ਟਿੱਪਣੀ

[1]ਰਿਚਰਡ ਬੀ. ਗੱਫ਼ਿਨ, ਜੂਨੀਅਰ, ਨੋਟਸ ਆਨ ਫ਼ਿਲਿੱਪੀਅੰਜ਼, *ਦ NIV ਸਟੱਡੀ ਬਾਈਬਲ,* ਸੰਪਾ. ਕੈਨਥ ਬਾਰਕਰ (ਗ੍ਰੈਂਡ ਰੈਪਿਡਜ਼, ਮਿਸ਼ੀਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1985), 1805. [2]*ਦ ਐਨਾਲਿਟੀਕਲ ਗ੍ਰੀਕ ਲੈਕਸਿਕਨ* (ਲੰਡਨ: ਸੈਮੂਏਲ ਬੈਗਸਟਰ ਐਂਡ ਸੰਜ਼, ਲਿਮਟਿਡ, 1971), 329. [3]ਜੌਨ ਏ. ਨਾਈਟ, ਵਿਲੀਅਮ ਐਮ. ਗ੍ਰੇਟਹਾਊਸ, ਐਂਡ ਜੇ. ਫ੍ਰੇਡ ਪਾਰਕਰ, *ਫ਼ਿਲਿੱਪੀਅੰਜ਼, ਕੋਲੋਸੀਅੰਜ਼, ਫਿਲੇਮੋਨ*, ਬੀਕਨ ਬਾਈਬਲ ਐਕਸਪੋਜ਼ਿਸ਼ੰਜ਼ (ਕੈਂਸਸ ਸਿਟੀ, ਮਿਜ਼ੋਰੀ: ਬੀਕਨ ਹਿੱਲ ਪ੍ਰੈੱਸ, 1985), 61 ਵਿਚ ਦੁਹਰਾਇਆ ਗਿਆ ਜੇ. ਬੀ. ਲਾਈਟਫੁੱਟ। [4]ਇਹ ਮੋਟੋ ਸੁਧਾਰਵਾਦੀਆਂ ਵੱਲੋਂ ਸ਼ਾਇਦ ਸਤਵੀਂ ਸਦੀ ਤੋਂ ਵਰਤਿਆ ਜਾਂਦਾ ਰਿਹਾ ਹੈ ਅਤੇ ਮੁੜ—ਬਹਾਲੀ ਦੀ ਲਹਿਰ ਦੇ ਆਗੂਆਂ ਵੱਲੋਂ ਇਸ ਨੂੰ ਅਪਣਾਇਆ ਗਿਆ। [5]ਵਿਲੀਅਮ ਬਾਰਕਲੇ, *ਦ ਲੈਟਰਜ਼ ਟੂ ਦ ਫ਼ਿਲਿੱਪੀਅੰਜ਼, ਕੋਲੋਸੀਅੰਜ਼, ਐਂਡ ਥੱਸਲੋਨੀਅੰਜ਼*, ਸੋਧਿਆ ਅੰਕ, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1975), 31. [6]ਜੈਰਲਡ ਐੱਫ਼. ਹਾਅਥੌਰਨ, *ਫ਼ਿਲਿੱਪੀਅੰਜ਼*, ਵਰਡ ਬਿਬਲਿਕਲ ਕਮੈਂਟਰੀ, ਜਿਲਦ 43 (ਵਾਕੋ, ਟੈਕਸਸ: ਵਰਡ ਬੁਕਸ, 1983), 69. ''ਹਲੀਮੀ'' ਦੀਆਂ ਕਾਫ਼ਿਰ ਧਾਰਣਾਵਾਂ ਦੀ ਝਲਕ ਜ਼ਲੀਲ ਲਈ ਵਰਤੇ

ਜਾਣ ਵਾਲੇ ਅੰਗ੍ਰੇਜ਼ੀ ਸ਼ਬਦ humiliate ਵਿਚ ਮਿਲਦੀ ਹੈ। [7]ਆਰ. ਸੀ. ਬੈੱਲ, *ਸਟੱਡੀਜ਼ ਇਨ ਫ਼ਿਲਿੱਪੀਅੰਜ਼* (ਔਸਟਿਨ, ਟੈਕਸਸ: ਫ਼ਰਮ ਫ਼ਾਉਂਡੇਸ਼ਨ ਪਬਲੀਸ਼ਿੰਗ ਹਾਊਸ, 1971), 19. [8]ਡਬਲਯੂ. ਈ. ਵਾਈਨ, *ਦ ਐਕਸਪੈਂਡਡ ਵਾਈਨਜ਼ ਐਕਸਪੌਜ਼ਿਟਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਜ਼,* ਸੰਪਾ. ਜੌਨ ਆਰ. ਕੋਪਲਨਬਰਗਰ III (ਮਿਨਿਆਪੋਲਿਸ: ਬੈਥਨੀ ਹਾਊਸ ਪਬਲੀਸ਼ਰਜ਼, 1984), 115. [9]ਅਰਲ ਐੱਫ਼. ਪਾਮਰ, *ਇੰਟੈਗਰਿਟੀ ਇਨ ਏ ਵਰਲਡ ਆਫ਼ ਪ੍ਰੀਟੈਂਸ: ਇਨਸਾਈਟਸ ਫ਼ਰਾਮ ਦ ਬੁਕ ਆਫ਼ ਫ਼ਿਲਿਪੀਅੰਜ਼* (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 1992), 90. [10]ਜੌਨ ਡਿਕਿਨਸਨ (1732–1808) ਅਮਰੀਕੀ ਕਾਂਟਿਨੈਂਟਲ ਕਾਂਗਰਸ ਦਾ ਮੈਂਬਰ ਅਤੇ ਅਮਰੀਕੀ ਇਨਕਲਾਬ ਦੌਰਾਨ ਦੇਸ਼ਭਗਤੀ ਦੇ ਪਰਚੇ ਲਿਖਣ ਵਾਲਾ ਲੇਖਕ ਸੀ। ਇਹ ਦਿੱਤਾ ਗਿਆ ਹਵਾਲਾ 1768 ਵਿਚ ਛਪੇ *ਦ ਲਿਬਰਟੀ ਸੌਂਗ* ਵਿਚ ਮਿਲਿਆ, ਦੇਸ਼ ਦੇ ਨਾਗਰਿਕਾਂ ਲਈ ਏਕਤਾ ਦੀ ਲੋੜ ਨੂੰ ਵਿਖਾਉਂਦਾ ਹੈ।

[11]ਇਸ ਨੂੰ *ਦ ਆਰਟ ਆਫ਼ ਵਾਰ* (1521) ਵਿਚ ਨਿਕੋਲੋ ਮਚਿਆਵੇਲੀ (1469–1527) ਵੱਲੋਂ (ਲਾਤੀਨੀ ਵਿਚ) ਦੁਹਰਾਇਆ ਗਿਆ। ਮਚਿਆਵੇਲੀ ਇਟਲੀ ਦਾ ਇਕ ਪ੍ਰਸਿੱਧ ਸਿਆਸੀ ਲੇਖਕ ਅਤੇ ਫ਼ੌਜੀ ਸਿਧਾਂਤਵਾਦੀ ਸੀ।